# EARLY LIFE OF

# Maharaja Ranjit Singh

B.A. Sem. 6th
History

Harjit Kaur



| ਮਹਾਰਾਜਾ ਰਣਜੀਤ ਸਿੰਘ | |
|---|---|
| **ਰਾਜ ਦਾ ਸਮਾਂ** | 12 ਅਪ੍ਰੈਲ 1801–27 ਜੂਨ 1839 |
| **ਪੂਰਾ ਨਾਮ** | ਰਣਜੀਤ ਸਿੰਘ |
| **ਜਨਮ** | 13 ਨਵੰਬਰ 1780 |
| | ਗੁਜਰਾਂਵਾਲਾ, ਹੁਣ ਪਾਕਿਸਤਾਨ |
| **ਮੌਤ** | 27 ਜੂਨ 1839 |
| | ਲਾਹੌਰ, ਪਾਕਿਸਤਾਨ |
| **ਅੰਤਮ ਸੰਸਕਾਰ** | ਲਾਹੌਰ |
| **ਵਾਰਿਸ-ਤਰ੍ਹਾਂ** | ਖੜਕ ਸਿੰਘ |
| **ਰਾਣੀ** | **ਮਹਾਰਾਣੀ** ਮਹਿਤਾਬ ਕੌਰ |
| | **ਮਹਾਰਾਣੀ** ਦਾਤਾਰ ਕੌਰ |
| | **ਮਹਾਰਾਣੀ** ਜਿੰਦ ਕੌਰ |
| **ਔਲਾਦ** | ਖੜਕ ਸਿੰਘ ਸ਼ੇਰ ਸਿੰਘ ਦਲੀਪ ਸਿੰਘ |
| **ਖਾਨਦਾਨ** | ਸਿੱਖ |
| **ਪਿਤਾ** | ਮਹਾਂ ਸਿੰਘ |
| **ਮਾਤਾ** | ਰਾਜ ਕੌਰ |

**ਮਹਾਰਾਜਾ ਰਣਜੀਤ ਸਿੰਘ** (1780-1839) ਪੰਜਾਬ ਦੀ ਸਿੱਖ ਸਲਤਨਤ ਦੀ ਨੀਂਹ ਰੱਖਣ ਵਾਲੇ ਇੱਕ ਸਿੱਖ ਮਹਾਰਾਜਾ ਸੀ ਜਿੰਨਾ ਨੂੰ ਸ਼ੇਰ-ਏ-ਪੰਜਾਬ (ਪੰਜਾਬ ਦਾ ਸ਼ੇਰ) ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੇ ਇਤਿਹਾਸ ਵਿੱਚ ਬਹਾਦਰ ਜੰਗਜੂ, ਦਲੇਰ ਮਹਾਰਾਜੇ ਤੇ ਮਹਾਨ ਸ਼ਖ਼ਸੀਅਤ ਵਜੋਂ ਜਾਣਿਆ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕ ਡੋਰ ਵਿੱਚ ਪਰੋਈ ਰੱਖਿਆ, ਜਿਸ ਕਰਕੇ ਖ਼ਾਲਸਾ ਰਾਜ ਦੀ ਹਰ ਥਾਂ ਸਿਫ਼ਤ ਕੀਤੀ ਜਾਂਦੀ ਸੀ।

**ਮਹਾਰਾਜਾ ਰਣਜੀਤ ਸਿੰਘ**

**ਸ਼ੇਰ-ਏ-ਪੰਜਾਬ**

**ਲਾਹੌਰ ਦੇ ਮਹਾਰਾਜਾ**

**ਸਰਕਾਰ-ਏ-ਖ਼ਾਲਸਾ**

**ਪੂਰਬ ਦਾ ਨਿਪੋਲੀਅਨ**

**ਪੰਜ ਦਰਿਆਵਾਂ ਦੇ ਮਾਲਕ**

## ^ ਸ਼ੁਰੂ ਦਾ ਜੀਵਨ

ਰਣਜੀਤ ਸਿੰਘ ਸੁਕ੍ਰਚੱਕੀਆਂ ਮਿਸਲ ਦੇ ਸਰਦਾਰ ਮਹਾਂ ਸਿੰਘ ਦਾ ਪੁੱਤਰ ਸੀ। 13 ਨਵੰਬਰ 1780ਈ.. ਚ (ਅੱਜਕਲ੍ਹ ਦੇ ਪਾਕਿਸਤਾਨ ਦੇ) ਸੂਬਾ ਪੰਜਾਬ ਦੇ ਸ਼ਹਿਰ ਗੁਜਰਾਂਵਾਲਾ ਦੇ ਨੇੜੇ ਜੰਮਿਆ। ਉਸ ਦਾ ਸਬੰਧ ਜੱਟ ਬਿਰਾਦਰੀ ਨਾਲ ਸੀ ਹੱਲੇ ਉਹ ਜਵਾਕ ਈ ਸੀ ਜੇ ਚੀਚਕ (ਚੇਚਕ) ਹੋਣ ਨਾਲ ਉਸਦੀ ਇੱਕ ਅੱਖ ਬੈਠ ਗਈ। ਇਸ ਵੇਲੇ ਪੰਜਾਬ ਦਾ ਚੋਖਾ ਸਾਰਾ ਇਲਾਕਾ ਸਿੱਖ ਮਿਸਲਾਂ ਕੋਲ਼ ਸੀ ਤੇ ਇਹ ਸਿੱਖ ਮਿਸਲਾਂ ਸਰਬੱਤ ਖ਼ਾਲਸਾ ਦੇ ਥੱਲੇ ਸਨ। ਇੰਨਾਂ ਮਿਸਲਾਂ ਨੇ ਆਪਣੇ ਆਪਣੇ ਇਲਾਕੇ ਵੰਡੇ ਹੋਏ ਸਨ। ਰਣਜੀਤ ਸਿੰਘ ਦਾ ਪਿਤਾ ਮਹਾਂ ਸਿੰਘ ਸ਼ੁਕਰਚਾਕੀਆ ਮਿਸਲ ਦਾ ਸਰਦਾਰ ਸੀ ਤੇ ਚੜ੍ਹਦੇ ਪੰਜਾਬ ਚ ਉਸ ਦੇ ਰਾਜ ਵਿੱਚ ਗੁਜਰਾਂਵਾਲਾ ਦੇ ਆਲੇ ਦੁਆਲੇ ਦੇ ਥਾਂ ਉਸ ਦੇ ਕੋਲ਼ ਸਨ। 1785 ਚ ਰਣਜੀਤ ਸਿੰਘ ਦੀ ਮੰਗਣੀ ਘਨੱਈਆ ਮਿਸਲ ਦੇ ਸਰਦਾਰ ਗੁਰਬਖ਼ਸ਼ ਸਿੰਘ ਤੇ ਸਰਦਾਰਨੀ ਸਦਾ ਕੌਰ ਦੀ ਧੀ ਮਹਿਤਾਬ ਕੌਰ ਕਰ ਨਾਲ ਕਰ ਦਿੱਤੀ ਗਈ। ਰਣਜੀਤ ਸਿੰਘ 12 ਵਰਿਆਂ ਦਾ ਸੀ ਜਦੋਂ ਉਸਦੇ ਪਿਤਾ ਗੁਜ਼ਰ ਗਏ। ਉਧਰ ਘਨੱਈਆ ਮਿਸਲ ਦੀ ਮੋਢੀ ਵਿਧਵਾ ਸਰਦਾਰਨੀ ਸਦਾ ਕੌਰ ਬਣ ਚੁੱਕੀ ਸੀ। ਸਦਾ ਕੌਰ ਦੀ ਨਿਗਰਾਨੀ ਅਤੇ ਪ੍ਰਭਾਵ ਹੇਠ ਓਹ ਆਪਣੀ ਮਿਸਲ ਦਾ ਸਰਦਾਰ ਬਣ ਗਾਇਆ। ਕਈ ਸਾਲ ਤਕ ਓਹ ਸਦਾ ਕੌਰ (ਜੋ ਕਿ ਕੂਟਨੀਤੀ ਨਾਲ ਕੱਮ ਲੈਣ ਵਾਲੀ ਇਸਤਰੀ ਸੀ) ਦੇ ਪ੍ਰਭਾਵ ਹੇਠ ਰਿਹਾ ਅਤੇ 16 ਸਾਲ ਦਾ ਹੋਕੇ ਉਸਨੇ ਆਪਣੀ ਮਿਸਲ ਦਾ ਕੱਮ ਕਾਜ ਪੂਰੀ ਤਰ੍ਹਾਂ ਆਪਣੇ ਹੱਥ ਵਿਚ ਲੈ ਲਿਆ

ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ, ਸ਼ੁੱਕਰਚੱਕੀਆ ਮਿਸਲ ਦਾ ਜੱਥੇਦਾਰ ਸੀ। ਅਤੇ ਉਸ ਦਾ ਇਲਾਕਾ ਅੱਜ ਦੇ ਲਹਿੰਦੇ ਪੰਜਾਬ ਦੇ ਗੁੱਜਰਾਂਵਾਲੇ ਦੇ ਦੁਆਲੇ ਸੀ। 1792 ਈ: ਵਿੱਚ ਮਹਾਂ ਸਿੰਘ ਦੀ ਮੌਤ ਪਿੱਛੋਂ ਮਿਸਲ ਦਾ ਰਾਜ-ਪ੍ਰਬੰਧ ਉਸ ਦੀ ਪਤਨੀ ਰਾਜ ਕੌਰ ਦੇ ਹੱਥਾਂ ਵਿੱਚ ਆ ਗਿਆ। ਉਸਨੇ ਸਾਰਾ ਕੰਮ-ਕਾਜ ਸਰਦਾਰ ਲਖਪਤ ਰਾਏ ਦੇ ਹਵਾਲੇ ਕਰ ਦਿੱਤਾ। 1796 ਈ: ਵਿੱਚ ਰਣਜੀਤ ਸਿੰਘ ਦਾ ਵਿਆਹ ਮਹਿਤਾਬ ਕੌਰ ਨਾਲ ਹੋ ਜਾਣ ਉਪਰੰਤ ਉਸਦੀ ਸੱਸ ਸਦਾ ਕੌਰ ਵੀ ਸ਼ੁੱਕਰਚੱਕੀਆ ਮਿਸਲ ਦੇ ਸ਼ਾਸਨ-ਪ੍ਰਬੰਧ ਵਿੱਚ ਹਿੱਸਾ ਲੈਣ ਲੱਗੀ। ਜਦ ਤੱਕ ਰਣਜੀਤ ਸਿੰਘ ਨਾਬਾਲਗ ਰਿਹਾ, ਮਿਸਲ ਦਾ ਰਾਜ-ਪ੍ਰਬੰਧ ਤਿੰਨ ਵਿਅਕਤੀਆਂ ਦੇ ਹੱਥਾਂ ਵਿੱਚ ਰਿਹਾ—ਰਾਜ ਕੌਰ, ਸਦਾ ਕੌਰ ਤੇ ਦੀਵਾਨ ਲਖਪਤ ਰਾਏ। ਇਸ ਕਾਲ ਨੂੰ ਤਿੱਕੜੀ ਦੀ ਸਰਪ੍ਰਸਤੀ ਦਾ ਕਾਲ ਕਿਹਾ ਜਾਂਦਾ ਹੈ। 1797 ਈ: ਵਿੱਚ ਜਦ ਰਣਜੀਤ ਸਿੰਘ 17 ਵਰਿਆਂ ਦਾ ਹੋ ਗਿਆ ਤਾਂ ਉਸ ਨੇ ਰਾਜ-ਪ੍ਰਬੰਧ ਦੀ ਵਾਗ-ਡੋਰ ਆਪਣੇ ਹੱਥਾਂ ਵਿੱਚ ਲੈ ਲਈ।

- ਅਗੱਸਤ, 1761 ਵਿਚ ਇਸ ਨੇ ਅਹਿਮਦਸ਼ਾਹ ਦੁਰਾਨੀ ਦੇ ਜਰਨੈਲ ਨੂਰ-ਉਦ-ਦੀਨ ਨੂੰ ਸਿਆਲਕੋਟ 'ਚੋਂ ਬੁਰੀ ਤਰ੍ਹਾਂ ਭਜਾਇਆ।
- ਸਤੰਬਰ, 1761 ਵਿਚ ਉਸ ਨੇ ਲਾਹੌਰ ਦੇ ਸੂਬੇਦਾਰ ਖ਼ਵਾਜਾ ਅਬੈਦ ਨੂੰ ਜ਼ਬਰਦਸਤ ਸ਼ਿਕਸਤ ਦਿਤੀ। 5 ਫ਼ਰਵਰੀ, 1762 ਦੇ ਘੱਲੂਘਾਰੇ ਵੇਲੇ ਇਸ ਨੇ ਕਮਾਲ ਦਾ ਰੋਲ ਅਦਾ ਕੀਤਾ।
- 1770 ਈ 'ਚ ਜੰਮੂ ਉਤੇ ਹਮਲੇ ਦੌਰਾਨ ਇਸ ਦੀ ਮੌਤ ਹੋ ਗਈ। ਇਸ ਮਗਰੋਂ ਉਸ ਦਾ ਨਾਬਾਲਗ਼ ਪੁੱਤਰ ਮਹਾਂ ਸਿੰਘ ਮੁਖੀ ਬਣਿਆ।
- 1790ਈ ਵਿਚ ਮਹਾਂ ਸਿੰਘ ਦੀ ਮੌਤ ਮਗਰੋਂ ਉਸ ਦਾ ਪੁੱਤਰ (ਮਹਾਰਾਜਾ) ਰਣਜੀਤ ਸਿੰਘ ਇਸ ਮਿਸਲ ਦਾ ਮੁਖੀ ਬਣਿਆ। ਪਹਿਲਾਂ ਇਸ ਮਿਸਲ ਕੋਲ ਸਿਰਫ਼ ਗੁੱਜਰਾਂਵਾਲਾ ਹੀ ਸੀ।
- 7 ਜੁਲਾਈ, 1799 ਨੂੰ ਰਣਜੀਤ ਸਿੰਘ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ।

- 1805ਈ ਵਿਚ ਅੰਮ੍ਰਿਤਸਰ ਉਤੇ ਵੀ ਇਸ ਦਾ ਕਬਜ਼ਾ ਹੋ ਗਿਆ। ਇਸ ਮਗਰੋਂ ਰਣਜੀਤ ਸਿੰਘ ਨੇ ਇਕ-ਇਕ ਕਰ ਕੇ ਸਾਰੀਆਂ ਸਿੱਖ ਮਿਸਲਾਂ ਦੇ ਇਲਾਕੇ ਖੋਹ ਲਏ। ਸਿਰਫ਼ ਆਹਲੂਵਾਲੀਆ ਮਿਸਲ ਦਾ ਇਲਾਕਾ ਹੀ ਆਜ਼ਾਦ ਰਿਹਾ ਜਾਂ ਸਤਲੁਜ ਪਾਰਲੇ ਇਲਾਕੇ ਇਸ ਦੀ ਮਾਰ ਤੋਂ ਬਚੇ ਰਹੇ। ਇਸ ਨੇ, ਸਿੱਖ ਜਰਨੈਲਾਂ ਦੀ ਮਦਦ ਨਾਲ, ਕਸੂਰ (1807), ਝੰਗ (1807), ਬਹਾਵਲਪੁਰ ਤੇ ਅਖ਼ਨੂਰ (1807), ਡੱਲੇਵਾਲੀਆ ਮਿਸਲ ਦਾ ਇਲਾਕਾ (1807), ਕਾਂਗੜਾ (1809), ਗੁਜਰਾਤ (1810), ਖ਼ੁਸ਼ਾਬ ਤੇ ਸਾਹੀਵਾਲ (1810), ਜੰਮੂ (1810), ਵਜ਼ੀਰਾਬਾਦ (1810), ਰਾਮਗੜ੍ਹੀਆ ਮਿਸਲ ਦਾ ਇਲਾਕਾ (1811), ਫ਼ੈਜ਼ਲਾਪੁਰੀਆ/ ਸਿੰਘਪੁਰੀਆ ਮਿਸਲ ਦਾ ਇਲਾਕਾ (1811), ਨਕਈ ਮਿਸਲ ਦਾ ਇਲਾਕਾ (1811), ਕਸ਼ਮੀਰ (1812), ਅਟਕ (1813), ਕਸ਼ਮੀਰ (1812 ਤੇ 1814 ਦੀ ਨਾਕਾਮਯਾਬੀ ਮਗਰੋਂ 1819 ਵਿਚ), ਘਨਈਆ ਮਿਸਲ ਦਾ ਇਲਾਕਾ (1821), ਮੁਲਤਾਨ (1803, 1807, 1816 ਤੇ 1817 ਦੀ ਨਾਕਾਮਯਾਬੀ ਮਗਰੋਂ 1818 ਵਿਚ), ਨੌਸ਼ਹਿਰਾ (1824), ਪੇਸ਼ਾਵਰ (1812 ਦੀ ਨਾਕਾਮਯਾਬੀ ਮਗਰੋਂ 1834 ਵਿਚ), ਡੇਰਾ ਗ਼ਾਜ਼ੀ ਖ਼ਾਂ, ਡੇਰਾ ਇਸਮਾਈਲ ਖ਼ਾਂ (1836) ਵਗ਼ੈਰਾ ਸਾਰੇ ਇਲਾਕੇ ਜਿੱਤ ਲਏ। ਹਿਮਾਚਲ ਦੀਆਂ ਸਾਰੀਆਂ ਪਹਾੜੀ ਰਿਆਸਤਾਂ ਉਸ ਨੂੰ ਖਰਾਜ ਦੇਂਦੀਆਂ ਸਨ।

ਉਸ ਨੇ ਕਈ ਮੁਹਿੰਮਾਂ ਨਾਲ਼ ਸਿੱਖ ਮਿਸਲਾਂ ਨੂੰ ਇੱਕ ਖੇਤਰ ਦੇ ਰੂਪ ਵਿੱਚ ਇੱਕਠਾ ਕੀਤਾ ਅਤੇ 12 ਅਪਰੈਲ 1801 (ਵਿਸਾਖੀ ਦੇ ਦਿਨ) ਨੂੰ ਮਹਾਰਜੇ ਦੇ ਤਖ਼ਤ-ਨਸ਼ੀਨ ਹੋ ਕੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾਇਆ। ਉਸਨੇ ਮੁਲਤਾਨ, ਪੇਸ਼ਾਵਰ, ਜੰਮੂ ਅਤੇ ਕਸ਼ਮੀਰ ਅਤੇ ਆਨੰਦਪੁਰ ਦੇ ਪਹਾੜੀ ਇਲਾਕੇ ਉੱਤੇ ਕਬਜ਼ਾ ਕੀਤਾ ਜਿਸ ਵਿੱਚ ਵੱਡਾ ਇਲਾਕਾ ਕਾਂਗੜਾ ਸੀ। 1802 ਵਿੱਚ ਉਸ ਨੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਨੂੰ ਆਪਣੇ ਰਾਜ ਵਿੱਚ ਜੋੜ ਲਿਆ ਅਤੇ ਸਿੱਖਾਂ ਦੇ ਪਵਿੱਤਰ ਗੁਰਦੁਆਰੇ, ਹਰਿਮੰਦਰ ਸਾਹਿਬ, ਦੀ ਸੰਗਮਰਮਰ ਅਤੇ ਸੋਨੇ ਨਾਲ਼ ਸੇਵਾ ਕਰਵਾਈ ਜਿਸ ਕਰਕੇ ਉਸ ਦਾ ਨਾਂ *ਸੁਨਹਿਰੀ ਮੰਦਰ* (ਅੰਗਰੇਜ਼ੀ: Golden temple) ਪਿਆ। ਉਸ ਨੇ ਆਪਣੀ ਫ਼ੌਜ ਦਾ ਆਧੁਨਿਕੀਕਰਨ ਕੀਤਾ ਜਿਸ ਲਈ ਉਸ ਨੇ ਯੂਰਪੀ ਅਫ਼ਸਰ ਭਰਤੀ ਕੀਤਾ। ਪੰਜਾਬ ਉਸ ਸਮੇਂ ਤੱਕ ਦੀ ਸਭ ਤੋਂ ਵਧੀਆ ਹਥਿਆਰ ਨਾਲ਼ ਲੈੱਸ ਫ਼ੌਜ ਸੀ ਜਿਸ ਨੂੰ ਬਰਤਾਨੀਆ ਸਭ ਤੋਂ ਬਾਅਦ ਕਬਜ਼ੇ ਵਿੱਚ ਕਰ ਸਕਿਆ। ਉਸਨੇ ਅਮਨ ਕਾਨੂੰਨ ਦੀ ਹਾਲਤ ਬਹਾਲ ਕੀਤੀ, ਹਾਲਾਂਕਿ ਮੌਤ ਦੀ ਸਜ਼ਾ ਕਦੇ-ਕਦਾਈਂ ਦਿੱਤੀ ਜਾਂਦੀ ਸੀ। ਉਸਨੇ *ਜਜ਼ੀਆ* ਟੈਕਸ, ਜੋ ਕਿ ਹਿਦੂਆਂ ਅਤੇ ਸਿੱਖਾਂ ਉੱਤੇ ਲਾਇਆ ਜਾਂਦਾ ਸੀ, ਨੂੰ ਖ਼ਤਮ ਕਰ ਦਿੱਤਾ। ਉਹ ਸਭ ਧਰਮਾਂ ਦਾ ਆਦਰ ਕਰਦਾ ਸੀ। ਇਸ ਕਰਕੇ ਉਸਨੇ ਆਪਣੇ ਰਾਜ ਨੂੰ ਇੱਕ ਧਾਰਮਿਕ ਰਾਜ ਦੇ ਰੂਪ ਵਿੱਚ ਸਥਾਪਤ ਕਰਨ ਦੀ ਬਜਾਏ ਸਰਬੱਤ ਦੇ ਭਲੇ ਦੇ ਆਦਰਸ਼ ਅਧੀਨ ਪੰਜਾਬੀਆ ਦੇ ਲਈ ਇੱਕ ਨਿਵੇਕਲਾ ਰਾਜ ਕਾਇਮ ਕੀਤਾ। ਉਸ ਦੇ ਰਾਜ ਵਿੱਚ ਮੁਸਲਮਾਨ ਅਤੇ ਹਿੰਦੂ ਕਈ ਵੱਡੇ ਅਹੁਦਿਆਂ ਉੱਤੇ ਸਨ ਅਤੇ ਅਵਾਮ ਵਿੱਚ ਵੀ ਸਭ ਨੂੰ ਬਰਾਬਰ ਦੇ ਹੱਕ ਹਾਸਲ ਸਨ।

1839 ਉਸਦੀ ਮੌਤ ਤੋਂ ਬਾਅਦ ਉਸਦਾ ਵੱਡਾ ਪੁੱਤਰ ਖੜਕ ਸਿੰਘ ਤਖ਼ਤ 'ਤੇ ਬੈਠਿਆ ਪਰ ਸਿੰਘ ਦੀ ਮੌਤ ਤੋਂ ਬਾਅਦ ਰਾਜ ਖਿੰਡਣਾ ਸ਼ੁਰੂ ਹੋ ਗਿਆ। ਉਸਤੋਂ ਬਾਅਦ ਬਰਤਾਨੀਆ ਨੇ ਉਸ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਨੂੰ ਸਿਰਫ਼ ਨਾਮ ਦਾ ਹੀ ਰਾਜਾ ਬਣਾ ਦਿੱਤਾ ਅਤੇ ਅਖ਼ੀਰ 1849 ਵਿੱਚ ਪੰਜਾਬ 'ਤੇ ਕਬਜ਼ਾ ਕਰ ਲਿਆ। 1853 ਵਿੱਚp ਅੰਗਰੇਜਾ ਨੇ ਦਲੀਪ ਸਿੰਘ ਦਾ ਧਰਮ ਪਰਿਵਰਤਨ ਕਰਕੇ ਉਸਨੂੰ ਇਸਾਈ ਬਣਾ ਦਿੱਤਾ।ਉਸਦਾ ਕੇਸਕਤਲ ਗਿਰਜਾਘਰ,ਫ਼ਤੇਹਗਰ,ਉੱਤਰ ਪ੍ਰਦੇਸ਼ ਵਿੱਚ ਕਰ ਦਿੱਤਾ। ੨੩ ਅਕਤੂਬਰ ੧੮੯੩ ਨੂੰ ਵਿਦੇਸ਼ ਵਿੱਚ ਹੀ ਉਸਦਾ ਦਿਹਾਂਤ ਹੋ ਗਿਆ।

ਰਣਜੀਤ ਸਿੰਘ ਸਮਾਧੀ ਲਹਿੰਦੇ ਪੰਜਾਬ ਵਿੱਚ ਲਾਹੌਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਦੇ ਕੋਲ਼ ਬਣੀ ਹੋਈ ਹੈ।